# SOCIAL PORTRAIT IN GURU NANAK BANI: A STUDY
# ਗੁਰੂ ਨਾਨਕ ਬਾਣੀ ਵਿਚ ਸਮਾਜਿਕ ਚਿਤਰਨ : ਇਕ ਅਧਿਐਨ

**ਬਿੰਦਰਪਾਲ ਕੌਰ (Binderpal Kaur)**

ਸਹਾਇਕ ਪ੍ਰੋਫੈਸਰ, ਮਾਤਾ ਸੁੰਦਰੀ ਯੂਨੀਵਰਸਟੀ ਗਰਲਜ਼ ਕਾਲਜ, ਮਾਨਸਾ (ਪੰਜਾਬ)

**ਮੋਬਾਈਲ** : 81467-83460 E-mail : kaurbinderpal86@gmail.com

ABSTRACT

*ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੇ ਸਮਾਜਿਕ ਚਿਤਰਣ ਨੂੰ ਆਪਣੀ ਬਾਣੀ ਵਿਚ ਪੇਸ਼ ਕੀਤਾ ਹੈ। ਇਸ ਵਿਚ ਜਿਵੇਂ ਕਿ ਜਾਤ-ਪਾਤ, ਲੋਕਾਂ ਦਾ ਚਿਤਰਣ, ਕਿੱਤੇ, ਜਨਮ ਅਤੇ ਮੌਤ ਨਾਲ ਸਬੰਧਿਤ ਵਿਸ਼ਵਾਸ ਅਤੇ ਰਸਮ-ਰਿਵਾਜ, ਸ੍ਰਿਸ਼ਟੀ ਦੀ ਰਚਨਾ ਸਬੰਧੀ ਚਾਨਣਾ, ਔਰਤ ਦੀ ਸਥਿਤੀ, ਸਿੱਖਿਆ ਪ੍ਰਣਾਲੀ, ਖਾਣ-ਪੀਣ ਤੇ ਪਹਿਰਾਵਾ, ਦਾਸ ਪ੍ਰਥਾ, ਆਵਾਜਾਈ ਦੇ ਸਾਧਨ, ਖੇਡਾਂ ਤੇ ਮੰਨੋਰੰਜਨ, ਪਰਿਵਾਰਿਕ ਜੀਵਨ ਤੇ ਰਿਸ਼ਤਾ ਨਾਤਾ ਪ੍ਰਬੰਧ, ਭੋਜਨ-ਪਾਨ ਦੀ ਵਿਧੀ ਤੇ ਚਿਕਿਤਸਾ ਆਦਿ ਦਾ ਵਰਣਨ ਬਾਖੂਬੀ ਆਪਣੀ ਬਾਣੀ ਵਿਚ ਦਰਸਾਉਣ ਦਾ ਯਤਨ ਕੀਤਾ ਹੈ।*

**ਕੀਵਰਡ**: ਗੁਰੂ ਨਾਨਕ ਦੇਵ ਜੀ, ਸਮਾਜਿਕ ਚਿਤਰਣ, ਭਾਰਤੀ ਸਮਾਜ, ਗੁਰੂ ਗ੍ਰੰਥ ਸਾਹਿਬ ਜੀ, ਪਰਿਵਾਰਕ ਜੀਵਨ, ਧਾਰਮਿਕ ਹਾਲਾਤ।

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ, ਸਮਾਜ ਅੰਦਰ ਰਹਿੰਦਿਆਂ ਉਹ ਸਮਾਜ ਤੋਂ ਅਣਭਿੱਜ ਨਹੀਂ ਰਹਿ ਸਕਦਾ। ਸਮਾਜ ਵਿਚ ਰਹਿ ਕਿ ਹੀ ਸਮਾਜ ਦੇ ਰਾਜਨਿਤਿਕ, ਧਾਰਮਿਕ, ਸਮਾਜਿਕ ਅਤੇ ਆਰਥਿਕ ਹਾਲਤਾਂ ਤੋਂ ਚੰਗੀ ਤਰ੍ਹਾਂ ਜਾਣੂ ਹੁੰਦਾ ਹੈ। ਇਕ ਲੇਖਕ ਜਾਂ ਕਵੀ ਜਿਸ ਤਰ੍ਹਾਂ ਦੇ ਵਾਤਾਵਰਨ ਜਾਂ ਸਮਾਜ ਵਿਚ ਰਹਿੰਦਾ ਹੈ ਉਸਦੀ ਰਚਨਾ ਵਿਚ ਉਸ ਸਮੇਂ ਦੀਆਂ ਹਾਲਤਾਂ ਦਾ ਵਰਨਣ ਮਿਲਦਾ ਹੈ। ਸੋ ਗੁਰੂ ਨਾਨਕ ਦੇਵ ਜੀ ਨੇ ਜਦੋਂ ਆਪਣੀ ਬਾਣੀ ਦੀ ਰਚਨਾ ਕੀਤੀ। ਉਹਨਾਂ ਨੇ ਆਪਣੇ ਹਾਲਾਤਾਂ ਬਾਰੇ ਬਾਣੀ ਵਿਚ ਵਰਨਣ ਕੀਤਾ ਹੈ। ਇਸ ਲੇਖ ਵਿਚ ਅਸੀਂ ਕਵੀ ਗੁਰੂ ਨਾਨਕ ਦੇਵ ਜੀ ਦੀਆਂ ਆਪਣੀ ਬਾਣੀ ਭਾਵ ਰਚਨਾ ਵਿਚ ਸਮਾਜ ਬਾਰੇ ਕੀਤੀ ਗੱਲਾਂ ਦਾ ਅਧਿਐਨ ਕਰਦੇ ਹਾਂ।

**ਜਾਤ-ਪਾਤ:-**

ਗੁਰੂ ਨਾਨਕ ਜੀ ਦੇ ਸਮੇਂ ਭਾਰਤੀ ਸਮਾਜ ਦੋ ਵਰਗਾਂ ਹਿੰਦੂ ਅਤੇ ਮੁਸਲਿਮ ਵਿਚਕਾਰ ਵੰਡਿਆ ਹੋਇਆ ਸੀ। ਉਸ ਸਮੇਂ ਮੁਸਲਮਾਨ ਹਰ ਖੇਤਰ ਵਿਚ ਕਾਬਜ਼ ਸਨ। ਇਸ ਲਈ ਹਿੰਦੂਆਂ ਨੂੰ ਜਾਂ ਤਾਂ ਮੁਸਲਮਾਨ ਬਣਨਾ ਪਿਆ ਜਾਂ ਮੁਸਲਮਾਨਾਂ ਵਾਂਗ ਰਹਿਣਾ ਪਿਆ। ਕਿਸੇ ਹਿੰਦੂ ਵਿਚ ਐਨਾ ਹੌਸਲਾ ਨਹੀਂ ਸੀ ਕਿ ਉਹ ਪ੍ਰਮਾਤਮਾ ਦਾ ਨਾਂ ਲੈ ਸਕੇ, ਆਦਿ ਪੁਰਖ ਪ੍ਰਮਾਤਮਾ ਦਾ ਨਾਂ ਅੱਲਾ ਹੋ ਗਿਆ ਸੀ। ਸਦੀਆਂ ਦੇ ਹਮਲਿਆਂ, ਬਦੇਸ਼ੀ ਹਕੂਮਤ ਅਤੇ ਭਾਰੀ ਜ਼ੁਲਮ ਨੇ ਹਿੰਦੂਆਂ ਵਿਚ ਹੀਨਤਾ ਲੈ ਆਂਦੀ ਸੀ। ਮੁਸਲਮਾਨ ਰਾਜਨੀਤਿਕ ਤੌਰ ਤੇ ਤਕੜੇ ਹੋਣ ਕਾਰਨ ਹਿੰਦੂਆਂ ਤੇ ਹਾਵੀ ਸਨ ਅਤੇ ਹਿੰਦੂ ਆਪਣਾ ਗੁੱਸਾ ਆਪਣੇ ਤੋਂ ਕੰਮਜ਼ੋਰ ਤੇ ਹੀਣੇ ਲੋਕਾਂ ਉਪਰ ਕੱਢਦੇ ਸਨ। ਇਹਨਾਂ ਜ਼ੁਲਮ ਦੇ ਦਿਨਾਂ ਵਿਚ ਜੋ ਹਿੰਦੂ ਮੁਸਲਮਾਨ ਨਾ ਬਣੇ ਉਹ ਵਧੇਰੇ ਕੱਟੜ ਹਿੰਦੂ ਬਣ ਗਏ।

ਸੂਦਰਾਂ ਬਾਰੇ ਮੰਨੂੰ ਸ੍ਰਮਿਤੀ ਅਤੇ ਹੋਰ ਹਿੰਦੂ ਧਾਰਮਿਕ ਗ੍ਰੰਥਾਂ ਦੀ ਰਾਇ ਪਹਿਲਾਂ ਹੀ ਬੜੀ ਵਿਪਰੀਤ ਸੀ, ਕੋਈ ਸੂਦਰ ਬ੍ਰਾਹਮਣ ਦੇ ਨਾਲ ਬੈਠ ਕੇ ਪਾਠ-ਪੂਜਾ ਨਹੀਂ ਕਰ ਸਕਦਾ ਸੀ। ਵੇਦ-ਪਾਠ ਸੁਨਣ ਤੇ ਵੀ ਪਾਬੰਦੀ ਸੀ। ਜੇਕਰ ਕੋਈ ਸੂਦਰ ਵੇਦ-ਪਾਠ ਦਾ ਉਚਾਰਨ ਕਰ ਲੈਂਦਾ ਤਾਂ ਉਸਦੀ ਜ਼ੁਬਾਨ ਕੱਟ ਦਿੱਤੀ ਜਾਂਦੀ। ਇਸ ਤੋਂ ਇਲਾਵਾ ਜੇ ਉਹ ਯਾਦ ਕਰਨ ਦੀ ਕੋਸ਼ਿਸ ਕਰਦਾ ਤਾਂ ਉਸਦੇ ਸਰੀਰ ਦੇ ਟੁਕੜੇ-ਟੁਕੜੇ ਕਰ ਦਿੱਤੇ ਜਾਂਦੇ ਸਨ। ਉਸ ਸਮੇਂ ਇਕ ਸੂਦਰ ਨੂੰ ਜਾਨੋਂ ਮਾਰਨ ਦੀ ਸਜ਼ਾ ਇਕ ਕੁੱਤੇ ਤੇ ਉੱਲੂ ਨੂੰ ਮਾਰਨ ਦੀ ਸਜ਼ਾ ਦੇ ਬਰਾਬਰ ਸੀ। ਜਿਵੇਂ ਮੁਸਲਮਾਨਾਂ ਨੇ ਹਿੰਦੂਆਂ ਤੇ ਜ਼ੁਲਮ ਢਾਹੇ ਉਸੇ ਤਰ੍ਹਾਂ ਹਿੰਦੂਆਂ ਨੇ ਸੂਦਰ ਤੇ। ਕੁਦਰਤ ਦਾ ਇਹ ਮੁੱਢ ਕਦੀਮ ਤੋਂ ਅਸੂਲ ਰਿਹਾ ਹੈ ਕਿ ਵੱਡੀ ਮੱਛੀ ਛੋਟੀ ਮੱਛੀ ਨੂੰ ਨਿਗਲਦੀ ਹੈ। ਸੂਦਰਾਂ ਨੂੰ 'ਨੀਚ-ਜਾਤ' ਕਹਿ ਕੇ ਫਿਟਕਾਰਿਆ ਜਾਂਦਾ ਸੀ, ਪ੍ਰੰਤੂ ਗੁਰੂ ਨਾਨਕ ਦੇਵ ਜੀ ਨੂੰ ਇਸ ਜਾਤ-ਜਾਤ ਨਾਲ ਬਹੁਤ ਜ਼ਿਆਦਾ ਨਫ਼ਰਤ ਸੀ, ਇਸ ਬਾਰੇ ਉਹਨਾਂ ਦੇ ਵਿਚਾਰ ਸਨ।

*ਫਕੜ ਜਾਤੀ ਫਕੜੁ ਨਾਉ॥ ਸਭਨਾ ਜੀਆ ਇਕਾ ਛਾਉ॥*
*ਆਪਹੁ ਜੇ ਕੋ ਭਲਾ ਕਹਾਏ ॥ ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਏ॥ ੧॥* [1]

ਇਸੇ ਤਰ੍ਹਾਂ ਗੁਰੂ ਜੀ ਸਾਫ਼ ਕਹਿੰਦੇ ਹਨ ਕਿ ਇਨਸਾਨ ਨੂੰ ਜਾਤ ਤੋਂ ਨਹੀਂ ਸਗੋਂ ਉਸ ਦੇ ਕੰਮਾਂ ਤੋਂ ਪਛਾਣੋ।

*"ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥*
*ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ।।"* [2]

ਗੁਰੂ ਨਾਨਕ ਦੇਵ ਜੀ ਨੇ ਜਾਤ-ਪਾਤ ਦਾ ਵਿਰੋਧ ਇਸ ਲਈ ਕੀਤਾ, ਕਿਉਂਕਿ ਉਸ ਸਮੇਂ ਸਮਾਜ ਜਾਤ-ਪਾਤ ਦੇ ਬੰਧਨਾਂ ਵਿਚ ਬੱਝਿਆ ਹੋਇਆ ਸੀ। ਮਨੁੱਖ ਦੀ ਪਰਖ ਦਾ ਅਧਾਰ ਉਸ ਦੇ ਗੁਣ-ਔਗੁਣ ਨਾ ਹੋ ਕੇ ਕੇਵਲ ਜਾਤ ਸੀ। ਉਸ ਸਮੇਂ ਬ੍ਰਾਹਮਣ ਅਤੇ ਸੂਦਰ ਦੀ ਬਰਾਬਰ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ। ਇੰਞ ਸਮਾਜ ਜਾਤ-ਪਾਤ ਦੇ ਬੰਧਨਾਂ ਵਿਚ ਗ੍ਰਸਤ ਸੀ। ਇਸ ਤੋਂ ਇਲਾਵਾ ਸਿੱਧਾਂ-ਜੋਗੀਆਂ ਦਾ ਆਪਣਾ ਇਕ ਵੱਖਰਾ ਹੀ ਸਮਾਜ ਸੀ ਜੋ ਦੁਨੀਆਂ ਨੂੰ ਤਿਆਗ ਕੇ ਜੰਗਲਾਂ ਵਿਚ ਭਟਕਦੇ ਸਨ। ਗੁਰੂ ਨਾਨਕ ਦੇਵ ਜੀ ਨੇ ਉਹਨਾਂ ਦੇ ਇਸ ਕਰਮ ਨੂੰ ਨਕਾਰਿਆ ਹੈ ਜਿਸ ਨਾਲ ਉਹ ਉਭਰ ਕੇ ਇਕ ਸਮਾਜ ਦੇ ਤੌਰ ਤੇ ਸਾਡੇ ਸਾਹਮਣੇ ਆਉਂਦੇ ਹਨ।

**ਲੋਕਾਂ ਦਾ ਆਚਰਣ:-**

ਧਰਮ ਅਤੇ ਸਮਾਜ ਦਾ ਬਹੁਤ ਨੇੜੇ ਦਾ ਸਬੰਧ ਹੈ। ਰਾਜਨੀਤਿਕ ਅਸਾਂਤੀ, ਧਾਰਮਿਕ ਵਖੇਵਿਆਂ ਨਿੱਤ ਦੀ ਲੁੱਟ-ਖਸੁੱਟ, ਮਾਰਥਾੜ ਨੇ ਲੋਕਾਂ ਦੇ ਆਚਰਣ ਤੇ ਬਹੁਤ ਜ਼ਿਆਦਾ ਮਾੜੂ ਪ੍ਰਭਾਵ ਪਾਇਆ। ਆਚਰਣ ਦੀ ਇਹ ਗਿਰਾਵਟ ਸਮਾਜ ਦੇ ਸਤੰਬਾਂ- ਬ੍ਰਾਹਮਣਾਂ ਅਤੇ ਕਾਜ਼ੀਆਂ ਤੱਕ ਆ ਗਈ ਸੀ ਜੋ ਝੂਠ ਬੋਲਦੇ ਸਨ, ਬਾਹਰੀ ਭੇਖ ਧਾਰਮਿਕ ਸੀ ਪਰ ਅੰਦਰੋਂ ਜ਼ਾਲਿਮ ਸਨ। ਉਹ ਵੱਡੀ ਖਾ ਕੇ ਬੇਇਨਸਾਫ਼ੀ ਕਰ ਦਿੰਦੇ ਸਨ। ਸਿੱਟੇ ਵਜੋਂ ਆਮ ਲੋਕਾਂ ਵਿਚ ਧਾਰਮਿਕ ਤੇ ਸਮਾਜਿਕ ਗਿਰਾਵਟ ਦਾ ਆ ਜਾਣਾ ਲਾਜ਼ਮੀ ਸੀ। ਇਸ ਦਾ ਮੁੱਖ ਕਾਰਨ ਪੈਸਾ ਸੀ। ਇਥੋਂ ਕਿ ਇਸਤਰੀ ਮਰਦ ਦਾ ਸਬੰਧ ਵੀ ਪੈਸੇ ਤੇ ਟਿਕਿਆ ਹੋਇਆ ਸੀ। ਇਹ ਪੈਸਾ ਪਾਪ ਦੀ ਕਮਾਈ ਬਿਨ੍ਹਾਂ ਕਮਾਇਆ ਨਹੀਂ ਜਾ ਸਕਦਾ ਸੀ।

**ਕਿੱਤਾ:-**

ਗੁਰੂ ਨਾਨਕ ਦੇਵ ਜੀਦੇ ਸਮੇਂ ਪ੍ਰਧਾਨ ਕਿੱਤਾ ਖੇਤੀਬਾੜੀ ਸੀ। ਗੁਰੂ ਜੀ ਨੇ ਆਪਣੀ ਬਾਣੀ ਵਿਚ ਖੇਤੀਬਾੜੀ ਦੇ ਕਿੱਤੇ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਕਿੱਤਿਆਂ ਦੀ ਗੱਲ ਕੀਤੀ ਹੈ। ਇਹਨਾਂ ਕਿੱਤਿਆਂ ਵਿਚ ਲਏ ਗਏ ਬਿੰਬ, ਪ੍ਰਤੀਕ, ਚਿੰਨ੍ਹ ਤੇ ਉਪਮਾਨ ਵਰਤੇ ਹਨ। ਇਕ ਕਿੱਤਾ ਦੂਜੇ ਕਿੱਤੇ ਬਗੈਰ ਪੂਰਾ ਨਹੀਂ ਹੋ ਸਕਦਾ ਸੀ। ਜਿਵੇਂ ਕਿ ਖੇਤੀਬਾੜੀ ਦਾ ਸਬੰਧ ਲੋਹਾਰ ਅਤੇ ਤਰਖਾਣ ਨਾਲ ਸੀ। ਇਹਨਾਂ ਤੋਂ ਇਲਾਵਾ ਵਪਾਰੀ, ਦੁਕਾਨਦਾਰ, ਘੁਮਿਆਰ, ਜੁਲਾਹੇ, ਤੇਲੀ, ਮੋਚੀ, ਸੁਨਿਆਰ, ਧੋਬੀ, ਦਰਜੀ, ਬਾਜ਼ੀਗਰ ਆਦਿ ਕਿੱਤਾਕਾਰ ਸਨ।

ਇਹਨਾਂ ਕਿੱਤਾਕਾਰਾਂ ਤੋਂ ਇਲਾਵਾ ਹੋਰ ਵੀ ਕਿੱਤੇ ਸਨ, ਜਿਵੇਂ ਕਿ ਮੰਗਤੇ, ਚੌਰ, ਜੁਆਰੀ ਅਤੇ ਠੱਗ ਆਦਿ। ਜੋ ਆਪਣੇ-ਆਪਣੇ ਕਿੱਤੇ ਅਨੁਸਾਰ ਕਮਾਈ ਕਰਕੇ ਆਪਣਾ ਪੇਟ ਪਾਲਦੇ ਸਨ। ਉਸ ਸਮੇਂ ਧਰਮ ਇਕ ਦੁਕਾਨਦਾਰੀ ਬਣ ਚੁਕਿਆ ਸੀ ਕਾਜ਼ੀ ਅਤੇ ਬ੍ਰਾਹਮਣ ਧਰਮ ਦੇ ਠੇਕੇਦਾਰ ਬਣ ਚੁੱਕੇ ਸਨ, ਇਹਨਾਂ ਨੂੰ ਜੋ ਚੜ੍ਹਾਵਾ ਮਿਲਦਾ ਸੀ। ਇਸ ਧਨ ਨੂੰ ਇਹ ਆਪਣੇ ਨਿੱਜੀ ਕੰਮਾਂ ਜਾਂ ਐਸੋ-ਅਰਾਮ ਉਪਰ ਖਰਚ ਕਰ ਦਿੰਦੇ ਸਨ।

**ਰਸਮ-ਰਿਵਾਜ:-**

ਇਕ ਸੱਭਿਆਤਾ ਦੀ ਦੂਜੀ ਸੱਭਿਆਤਾ ਨਾਲ ਭਿੰਨਤਾ ਕੇਵਲ ਰਸਮ-ਰਿਵਾਜ, ਸਮਾਜਿਕ ਤੇ ਧਾਰਮਿਕ ਪੱਖਾਂ ਦੇ ਅਧਾਰ ਤੇ ਕੀਤੀ ਜਾਂਦੀ ਹੈ। ਇਹ ਰਸਮ-ਰਿਵਾਜ ਹੀ ਕਿਸੇ ਸੱਭਿਆਤਾ ਦੇ ਅਧਾਰ ਚਿੰਨ੍ਹ ਹੁੰਦੇ ਹਨ। ਇਹ ਰਸਮ-ਰਿਵਾਜ ਮਨੁੱਖ ਦੇ ਜਨਮ ਤੋਂ ਲੈ ਕੇ ਮੌਤ ਦੇ ਪਿੱਛੋਂ ਤਕ ਚਲਦੇ ਰਹਿੰਦੇ ਹਨ। ਹੇਠ ਲਿਖੇ ਅਨੁਸਾਰ ਰਸਮ-ਰਿਵਾਜਾਂ ਦੀ ਵਰਗ-ਵੰਡ ਕੀਤੀ ਗਈ ਹੈ।

**ਜਨਮ:-**

ਬੱਚੇ ਦੇ ਜਨਮ ਤੇ ਹੀ ਰਸਮ-ਰਿਵਾਜ਼ ਸ਼ੁਰੂ ਹੋ ਜਾਂਦੇ ਹਨ। ਇਹਨਾਂ ਵਿਚ ਇਕ 'ਸੂਤਕ' ਨਾਮ ਦੀ ਰਸਮ ਹੁੰਦੀ ਹੈ। ਗੁਰੂ ਜੀ ਨੇ 'ਸੂਤਕ ਵਿਰੁੱਧ ਅਵਾਜ਼ ਉਠਾਈ। ਜਦੋਂ ਘਰ ਵਿਚ ਮੁੰਡਾ ਜਨਮ ਲੈਂਦਾ ਹੈ, ਉਸ ਕੁਝ ਵੱਡਾ ਹੋਣ ਤੇ ਉਸ ਦੇ ਗਲ ਵਿਚ ਪਵਿੱਤਰਤਾ ਦੀ ਨਿਸ਼ਾਨੀ ਵਜੋਂ ਜਨੇਊ ਪਾਇਆ ਜਾਂਦਾ ਸੀ। ਗੁਰੂ ਜੀ ਦੀ ਉਮਰ ਉਸ ਸਮੇਂ ਨੌਂ ਸਾਲਾਂ ਦੀ ਸੀ।। ਜਦੋਂ ਉਹਨਾਂ ਦੇ ਗਲ ਵਿਚ ਜਨੇਊ ਪਾਉਣ ਦੀ ਰਸਮ ਕੀਤੀ ਜਾਣੀ ਸੀ। ਗੁਰੂ ਜੀ ਨੇ ਇਹ ਰਸਮ ਨੂੰ ਕਰਨ ਤੋਂ ਮਨ੍ਹਾਂ ਕਰ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਆਪ ਭਾਵੇਂ ਦੁਨੀਆਵੀਂ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ ਪਰ ਆਤਮਿਕ ਜਨੇਊ ਜ਼ਰੂਰ ਪਾਉਣ ਲਈ ਕਿਹਾ।

ਜਨੇਊ ਤੋਂ ਪਿਛੋਂ ਦੂਜੀ ਵੱਡੀ ਰਸਮ ਵਿਆਹ ਦੀ ਸੀ।ਵਿਆਹ ਤੋਂ ਪਹਿਲਾ ਸਾਹਾ ਕਢਾਇਆ ਜਾਂਦਾ ਸੀ। ਲਗਨ ਗਾਏ ਜਾਂਦੇ ਸਨ ਤੇ ਕਿਸੇ ਸੁਭ ਦਿਨ, ਸਾਹੇ ਤੇ ਵਿਆਹ ਰਚਾਇਆ ਜਾਂਦਾ ਸੀ। ਵਿਆਹ ਦੀਆਂ ਰਸਮਾਂ ਕ੍ਰਮਵਾਰ ਹਿੰਦੂਆਂ ਵਿਚ ਬ੍ਰਾਹਮਣ ਅਤੇ ਮੁਸਲਮਾਨਾਂ ਵਿਚ ਕਾਜ਼ੀ ਅਦਾ ਕਰਦੇ ਸਨ। ਇਸ ਵਿਚ ਮੁੱਖ ਰਸਮ ਰਿਵਾਜ, ਜੰਞ ਚੜ੍ਹਨ, ਡੋਲੀ ਤੋਰਨਾ, ਪਾਣੀ ਵਾਰਨਾ, ਗਿਰੀਆਂ ਛੁਹਾਰਿਆਂ ਨਾਲ ਮੂੰਹ ਜੂਠਾਉਣਾ ਆਦਿ।

**ਮੌਤ ਦੀਆਂ ਰਸਮਾਂ:-**

ਮੌਤ ਨਾਲ ਮਨੁੱਖ ਦਾ ਅੰਤ ਹੋ ਜਾਂਦਾ ਹੈ ਪਰ ਰਸਮਾਂ ਦਾ ਨਹੀਂ। ਮੁਰਦੇ ਨੂੰ ਦਬਣ ਜਾਂ ਸੰਸਕਾਰ ਕਰਨ ਪਿਛੋਂ ਸਰਾਧ ਕਰਨ ਜਾਂ ਪਿਤਰ ਪੂਜਣ ਦੀਆਂ ਰਸਮਾਂ ਕੀਤੀਆਂ ਜਾਂਦੀਆਂ ਸਨ। ਮੌਤ ਵਾਲੇ ਘਰ ਜਾ ਕੇ ਇਸਤਰੀਆਂ ਸਿਆਪਾ ਕਰਦੀਆਂ ਸਨ।

ਵਿਸ਼ਵਾਸ:- ਰਸਮਾਂ ਅਤੇ ਵਿਸ਼ਵਾਸਾਂ ਦਾ ਖ਼ਾਸ਼ ਮਹੱਤਵ ਹੁੰਦਾ ਹੈ। ਵਿਸ਼ਵਾਸ ਮੁੱਖ ਤੌਰ ਤੇ ਦੋ ਤਰ੍ਹਾਂ ਦੇ ਹੁੰਦੇ ਹਨ-ਧਾਰਮਿਕ ਅਤੇ ਸਮਾਜਿਕ।ਗੁਰੂ ਜੀ ਨੇ ਆਪਣੀ ਬਾਣੀ ਵਿਚ ਇਹਨਾਂ ਵਿਸ਼ਵਾਸਾਂ ਸਬੰਧੀ ਸਿੱਧੇ ਜਾਂ ਅਸਿੱਧੇ ਤੌਰ ਤੇ ਵਰਨਣ ਕੀਤਾ ਹੈ।ਪਹਿਲਾਂ ਧਾਰਮਿਕ ਵਿਸ਼ਵਸਾਂ ਸਬੰਧੀ ਗਲ ਕਰਦੇ ਹਾਂ-

**ਸ੍ਰਿਸ਼ਟੀ ਦੀ ਰਚਨਾ:-**

ਸ੍ਰਿਸ਼ਟੀ ਜੋ ਕਿ ਪ੍ਰਮਾਤਮਾ ਦੇ ਹੁਕਮ ਨਾਲ ਰਚੀ ਗਈ ਹੈ। ਮੰਨਿਆ ਜਾਂਦਾ ਹੈ ਕਿ ਧਰਤੀ ਧੌਲ ਨਾਂ ਦੇ ਬਲਦ ਦੇ ਸਿੰਗਾਂ ਉਪਰ ਖੜੀ ਹੈ। ਸ੍ਰਿਸ਼ਟੀ ਰਚਨਾ ਤੋਂ ਪਿਛੋਂ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੀ ਉਤਪਤੀ ਵੀ ਪ੍ਰਮਾਤਮਾ ਦੁਆਰਾ ਕੀਤੀ ਗਈ ਹੈ।ਇਹ ਤਿੰਨੇ ਦੇਵ ਰਲ ਕੇ ਸੰਸਾਰ ਦਾ ਕਾਰਜ ਨਿਭਾਉਂਦੇ ਹਨ। ਇਕ (ਬ੍ਰਹਮਾ) ਸੰਸਾਰ ਦਾ ਨਿਰਮਾਤਾ ਹੈ, ਦੂਜਾ (ਵਿਸ਼ਨੂੰ) ਸੰਸਾਰ ਦਾ ਪਾਲਕ ਹੈ ਅਤੇ ਤੀਜਾ (ਮਹੇਸ਼) ਪ੍ਰਲੈ ਅਥਵਾ ਵਿਨਾਸ਼ਕਾਰੀ ਹੈ। ਇਹ ਆਪਣਾ ਆਪਣਾ ਕਾਰਜ ਸੁਤੰਤਰ ਰੂਪ ਵਿਚ ਨਹੀਂ ਸਗੋਂ ਪ੍ਰਮਾਤਮਾ ਦੇ ਨਿਯੰਤਰਨ ਅਧੀਨ ਹੀ ਕਰਦੇ ਹਨ।

**ਕਰਮ ਦਾ ਵਿਸ਼ਵਾਸ:-**

ਉਸ ਸਮੇਂ ਲੋਕ ਕਰਮਾਂ ਅਤੇ ਭਾਗਾਂ ਵਿਚ ਬਹੁਤ ਵਿਸ਼ਵਾਸ ਰੱਖਦੇ ਸਨ। ਉਹਨਾਂ ਦਾ ਵਿਸ਼ਵਾਸ ਸੀ ਕਿ ਜੋ ਵੀ ਮਨੁੱਖ ਨਾਲ ਵਾਪਰਦਾ ਹੈ ਉਹ ਉਸਦੇ

ਕਾਰਮਾਂ ਦਾ ਫ਼ਲ ਹੈ।ਉਹ ਰੱਬ ਦੇ ਭਾਣੇ ਵਿਚ ਵਿਸ਼ਵਾਸ ਰੱਖਦੇ ਹੋਏ ਉਸ ਵਿਚ ਰਾਜੀ ਸਨ। ਇਥੋਂ ਤਕ ਮੰਨਿਆ ਜਾਂਦਾ ਸੀ ਕਿ ਕੋਈ ਵਿਅਕਤੀ ਜੋ ਕਿ ਕੋਈ ਵਿਅਕਤੀ ਜੋ ਵੀ ਬੋਲਦਾ ਹੈ, ਉਸ ਨੂੰ ਪ੍ਰਮਾਤਮਾ ਬੁਲਾਉਂਦਾ ਹੈ। ਉਹ ਆਪਣੇ ਲੇਖਾਂ ਵਿਚ ਜੋ ਕੁਝ ਲਿਖਿਆ ਭਾਵ ਆਪਣਾ ਭਵਿੱਖ ਜਾਨਣ ਲਈ ਜੋਤਸ਼ੀਆਂ ਜਾਂ ਪਾਂਡਿਆਂ ਪਾਸ ਜਾਂਦੇ ਅਤੇ ਆਪਣੀ ਜਨਮ ਪੱਤਰੀ ਆਦਿ ਬਣਵਾਉਂਦੇ ਸਨ।

**ਜਨਮ ਅਤੇ ਮੌਤ ਸਬੰਧੀ ਵਿਸ਼ਵਾਸ:-**

ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਕ ਮਨੁੱਖ ਪ੍ਰਮਾਤਮਾ ਦੀ ਮਰਜ਼ੀ ਨਾਲ ਹੀ ਇਸ ਸੰਸਾਰ ਵਿਚ ਪੈਦਾ ਹੁੰਦਾ ਤੇ ਮਰਦਾ ਹੈ। ਉਸ ਦੇ ਜਨਮ ਸਮੇਂ ਹੀ ਪ੍ਰਮਾਤਮਾ ਉਸ ਦੇ ਮਰਨ ਦਾ ਸਮਾਂ ਨਿਸਚਿਤ ਕਰ ਦਿੰਦਾ ਹੈ। ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਸਦੇ ਚੰਗੇ ਬੁਰੇ ਕੰਮਾਂ ਦਾ ਹਿਸਾਬ ਚਿੱਤਰ ਗੁਪਤ ਕਰਦੇ ਹਨ ਅਤੇ ਉਸਦੀ ਮੌਤ ਸਮੇਂ ਉਹ ਹਿਸਾਬ ਧਰਮਰਾਜ ਦੇ ਸਨਮੁੱਖ ਕਰਦੇ ਹਨ। ਇਹਨਾਂ ਕਰਮਾਂ ਦੇ ਅਧਾਰ ਤੇ ਹੀ ਉਸ ਮਨੁੱਖ ਦੀ ਸਜ਼ਾਂ ਤਹਿ ਕੀਤੀ ਜਾਂਦੀ ਹੈ।ਜਿਵੇਂ ਕਿ ਚੰਗੇ ਕਰਮ ਕਰਨ ਵਾਲੇ ਨੂੰ ਸਵਰਗਾਂ ਵਿਚ ਸਥਾਨ ਪ੍ਰਾਪਤ ਹੁੰਦਾ ਹੈ, ਬੁਰੇ ਕੰਮ ਕਰਨ ਵਾਲੇ ਨੂੰ ਨਰਕਾਂ ਦੀ ਸਜ਼ਾ ਦਿੱਤੀ ਜਾਂਦੀ ਹੈ, ਉੱਥੇ ਉਹ ਮਨੁੱਖ ਚੁਰਾਸੀ ਲੱਖ ਜੂਨਾਂ ਦੇ ਚੱਕਰ ਵਿਚ ਪੈ ਜਾਂਦਾ ਹੈ। ਇਸ ਚੱਕਰ ਤੋਂ ਮੁਕਤੀ ਗੁਰੂ ਦੁਆਰਾ ਪ੍ਰਮਾਤਮਾ ਦੀ ਮਿਹਰ ਜਾਂ ਭਜਨ ਬੰਦਗੀ ਕਰਨ ਨਾਲ ਖ਼ਤਮ ਹੋ ਜਾਂਦੇ ਹਨ।

**ਇਸਤਰੀ ਦਾ ਸਥਾਨ:-**

ਗੁਰੂ ਨਾਨਕ ਕਾਲ ਵਿਚ ਇਸਤਰੀ ਦੀ ਦਸ਼ਾ ਬਹੁਤ ਮਾੜੀ ਸੀ ਉਸ ਸਮੇਂ ਵੱਖ-ਵੱਖ ਧਰਮਾਂ (ਹਿੰਦੂ, ਮੁਸਲਿਮ, ਬੋਧੀ, ਜੈਨੀ ਅਤੇ ਜੋਗੀ) ਵਿਚ ਇਸਤਰੀਆਂ ਬਾਰੇ ਜੋ ਰਾਇ ਪੇਸ਼ ਕੀਤੀ ਜਾਂਦੀ ਸੀ ਉਹ ਇਸ ਪ੍ਰਕਾਰ ਹੈ:-

ਮਨੂ ਅਨੁਸਾਰ *"ਤੀਵੀਂ ਦੀ ਜਾਤ ਇਸ ਲਾਇਕ ਹੀ ਨਹੀਂ ਕਿ ਉਸ ਨੂੰ ਆਜ਼ਾਦੀ ਦਿੱਤੀ ਜਾਵੇ, ਉਸਦਾ ਵਿਆਹ ਬਾਲਗ ਹੋਣ ਤੋਂ ਪਹਿਲਾ ਕਰ ਦਿੱਤਾ ਜਾਣਾ ਚਾਹੀਦਾ ਹੈ ਤਾਂ ਕਿ ਉਹ ਕੋਈ ਸ਼ਰਾਰਤ ਨਾ ਕਰ ਸਕੇ।"*[3]

ਉਪਰੋਕਤ ਵਿਚਾਰ ਤੋਂ ਸਪੱਸ਼ਟ ਹੁੰਦਾ ਹੈ ਕਿ ਉਸ ਸਮੇਂ ਔਰਤ ਨੂੰ ਆਪਣਾ ਪਤੀ ਚੁਣਣ ਦੀ ਕੋਈ ਆਜ਼ਾਦੀ ਨਹੀਂ ਸੀ। ਪਤੀ ਹੀ ਉਸਦਾ ਦੇਵਤਾ ਹੁੰਦਾ ਸੀ, ਉਹ ਭਾਵੇਂ ਅੰਨ੍ਹਾ, ਕਾਣਾ, ਲੰਗੜਾ, ਗੂੰਗਾ-ਬੋਲਾ, ਸ਼ਰਾਬੀ, ਜੁਆਰੀ ਤੇ ਆਚਰਹੀਣ ਕਿਉਂ ਨਾ ਹੋਵੇ। ਆਪਣੇ ਪਤੀ ਦੇਵਤਾ ਨੂੰ ਖ਼ੁਸ਼ ਕਰਨ ਲਈ ਪਤਨੀ ਨੂੰ ਹਰ ਯਤਨ ਕਰਨਾ ਚਾਹੀਦਾ ਸੀ। ਮੰਨਿਆ ਜਾਂਦਾ ਸੀ ਕਿ ਉਸ ਸਮੇਂ ਪਤੀ ਦੀ ਮੌਤ ਤੇ ਪਤਨੀ ਨੂੰ ਵੀ ਉਸਦੀ ਚਿਤਾ ਉਪਰ ਸਤੀ ਹੋਣਾ ਪੈਂਦਾ ਸੀ।ਗੁਰੂ ਜੀ ਨੇ ਇਸ ਬੁਰਾਈ ਵਿਰੁੱਧ ਵਿਰੁੱਧ ਵੀ ਅਵਾਜ਼ ਉਠਾਈ।

ਬੁੱਧ ਧਰਮ ਅਨੁਸਾਰ- *ਬੁੱਧ ਧਰਮ ਵਿਚ ਔਰਤ ਬਾਰੇ ਰਾਇ ਬਹੁਤ ਸਖ਼ਤ ਮਾਲੂਮ ਹੁੰਦੀ ਹੈ। ਖ਼ੁਦ ਬੁੱਧ ਦੀ ਰਾਇ ਵੀ ਔਰਤ ਲਈ ਚੰਗੀ ਨਹੀਂ ਸੀ, ਇਕ ਵਾਰ ਉਹ ਆਪਣੇ ਚੇਲੇ ਨੂੰ ਕਹਿ ਰਿਹਾ ਸੀ ਜੇ ਤੀਵੀਆਂ ਨੂੰ ਆਪਣੇ ਧਰਮ 'ਚ ਦਾਖਲ ਨਾ ਕੀਤਾ ਜਾਂਦਾ ਤਾਂ ਇਹ ਵੱਧ ਪ੍ਰਭਾਵਸ਼ਾਲੀ ਰਹਿਣਾ ਸੀ।*

ਜੈਨੀ ਧਰਮ ਦੇ ਅਨੁਸਾਰ- *ਔਰਤ ਬਹੁਤ ਭੈੜੀ ਚੀਜ਼ ਹੈ, ਤੀਵੀਂ ਮਰਦ ਦਾ ਸਭ ਤੋਂ ਵੱਧ ਖ਼ਤਰਨਾਕ ਦੁਸ਼ਮਣ ਹੈ, ਉਹ ਮਰਦ ਅੰਦਰ ਕਾਮ ਜਗਾਉਂਦੀ ਹੈ ਤੇ ਮਰਦ ਦੇ ਕੇਵਲ ਸਰੀਰ ਜਾਂ ਅੰਗਾਂ ਨੂੰ ਹੀ ਚਾਹੁੰਦੀ ਹੈ।*

ਕੁਰਾਨ ਅਨੁਸਾਰ- *ਹਰ ਮਰਦ ਚਾਰ ਤੀਵੀਂਆਂ ਕਾਨੂੰਨੀ ਤੌਰ ਤੇ ਰੱਖ ਸਕਦਾ ਹੈ। ਇਕ ਮੁਸਲਮਾਨ ਔਰਤ ਗੈਰ-ਮੁਸਲਮਾਨ ਮਰਦ ਨਾਲ ਵਿਆਹ ਨਹੀਂ ਕਰਾ ਸਕਦੀ ਜਦੋਂ ਕਿ ਆਦਮੀ ਕਰਾ ਸਕਦਾ ਹੈ।*

ਜੋਗੀਆਂ ਅਨੁਸਾਰ- *ਤੀਵੀਂ ਅਜਿਹੀ ਬੁਰੀ ਚੀਜ਼ ਹੈ ਜੋ ਮਰਦ ਦੀ ਜਿੰਦ, ਬਿੰਦ ਅਤੇ ਸਰੀਰ ਨੂੰ ਖਾਂ ਜਾਂਦੀ ਹੈ।*

ਧਾਰਮਿਕ ਨੇਤਾਵਾਂ ਦੇ ਇਹਨਾਂ ਵਿਚਾਰਾਂ ਵਿਰੁੱਧ ਗੁਰੂ ਨਾਨਕ ਦੇਵ ਜੀ ਨੇ ਅਵਾਜ਼ ਉਠਾਈ ਤੇ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ।

ਗੁਰੂ ਨਾਨਕ ਦੇਵ ਅਨੁਸਾਰ- *ਸੋ ਕਿਉ ਮੰਦਾ ਆਖਿਐ। ਜਿਤਿ ਜੰਮੈ ਰਾਜਾਨ।।*

ਇਸ ਤੋਂ ਇਲਾਵਾ ਕੁੜੀਆਂ ਨੂੰ ਜੰਮਦੇ ਹੀ ਮਾਰ ਦਿੱਤਾ ਜਾਂਦਾ ਸੀ। ਇਸਤਰੀ ਨੂੰ ਸ਼ਿੰਗਾਰ ਕਰਨ ਦੀ ਮਨਾਹੀ ਕੀਤੀ ਜਾਂਦੀ ਸੀ। ਇਸਤਰੀ ਦੀ ਆਰਥਿਕ ਸਥਿਤੀ ਵੀ ਚੰਗੀ ਨਹੀਂ ਸੀ। ਇੰਜ ਇਸਤਰੀ ਦੀ ਦਸ਼ਾ ਹਰ ਪੱਖ ਤੋਂ ਮਾੜੀ ਸੀ, ਇਸ ਦਾ ਚ੍ਰਿਤਣ ਗੁਰੂ ਨਾਨਕ ਜੀ ਨੇ ਕੀਤਾ ਹੈ, ਉਹ ਬਹੁਤ ਤਰਸਯੋਗ ਹੈ।

**ਸਿੱਖਿਆ ਪ੍ਰਾਪਤੀ:-**

ਉਸ ਸਮੇਂ ਕਾਗਜ਼ ਅਤੇ ਸਿਆਹੀ ਦੀ ਈਜਾਦ ਹੋ ਚੁੱਕੀ ਸੀ। ਗੁਰੂ ਜੀ ਦੇ ਸਮੇਂ ਪੁਸਤਕਾਂ ਦੀ ਲਿਖਣ ਅਤੇ ਪੜ੍ਹਨ ਦੀ ਪਿਰਤ ਪੈ ਚੁੱਕੀ ਸੀ। ਵਿਦਿਆਰਥੀਆਂ ਨੂੰ ਪਹਿਲਾਂ ਪੱਟੀ ਤੇ ਲਿਖਣਾ ਤੇ ਪੜ੍ਹਨਾ ਸਿਖਾਇਆ ਜਾਂਦਾ ਸੀ। ਗੁਰੂ ਨਾਨਕ ਦੇਵ ਦੁਆਰਾ ਲਿਖੀ 'ਪੱਟੀ' ਨਾਂ ਦੀ ਬਾਣੀ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ। ਧਾਰਮਿਕ ਪੁਸਤਕਾਂ ਦੀ ਪੜ੍ਹਾਈ ਤੋਂ ਇਲਾਵਾ ਹੋਰ ਪੁਸਤਕਾਂ ਵੀ ਪੜ੍ਹਾਈਆਂ ਜਾਂਦੀਆਂ ਸਨ, ਜਿਵੇਂ ਕਿ ਵਿਆਕਰਨ ਆਦਿ।

ਉਸ ਸਮੇਂ ਪੜ੍ਹਾਈ ਵੱਖ-ਵੱਖ ਭਾਸ਼ਾਵਾਂ ਸੰਸਕ੍ਰਿਤ, ਅਰਬੀ, ਫ਼ਾਰਸੀ ਵਿਚ ਪੜ੍ਹਾਈ ਜਾਂਦੀ ਸੀ।ਇਹਨਾਂ ਭਾਸ਼ਾਵਾਂ ਤੋਂ ਬਿਨ੍ਹਾਂ ਪੰਜਾਬ ਵਿਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਗੁਰਮੁਖੀ ਅੱਖਰ ਵਿਚ ਪ੍ਰਚਲਿਤ ਸੀ।ਗੁਰੂ ਨਾਨਕ ਦੇਵ ਜੀ ਨੇ ਜੋ ਪੱਟੀ ਲਿਖੀ ਹੈ ਉਸ ਦੇ ਅੱਖਰਾਂ ਵਿਚ ਸਧਾਰਨ ਉਚਾਰਨ ਅਤੇ ਤਰਤੀਬ ਦੇ ਕੁਝ ਫ਼ਰਕ ਤੋਂ ਬਿਨ੍ਹਾਂ ਅੱਜ ਵੀ (ਗੁਰਮੁਖੀ) ਅੱਖਰ ਉਸੇ ਤਰ੍ਹਾਂ ਪ੍ਰਚਲਿਤ ਹਨ।

**ਖਾਣ-ਪੀਣ ਤੇ ਪਹਿਰਾਵਾ :-**

ਉਸ ਸਮੇਂ ਖੁਰਾਕ ਬੜੀ ਸਾਦੀ ਸੀ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਰੋਜ਼ਾਨਾ ਆਮ ਖੁਰਾਕ-ਵਸਤਾਂ ਤੋਂ ਬਿਨ੍ਹਾਂ ਹੋਰ ਕਿਸੇ ਚੀਜ਼ ਦਾ ਵਰਨਣ ਘੱਟ ਹੀ ਕੀਤਾ ਹੈ। ਇਹਨਾਂ ਵਿਚ ਮੁੱਖ ਵਸਤਾਂ ਵਿਚ ਕਣਕ, ਚਾਵਲ, ਘਿਉ, ਗੁੜ, ਸ਼ਕਰ, ਮੈਦਾ, ਮਠਿਆਈ, ਦੁੱਧ ਅਤੇ ਦੁੱਧ ਤੋਂ ਬਣਨ ਵਾਲੀਆਂ ਵੱਖ-ਵੱਖ ਵਸਤਾਂ ਆਦਿ।

ਮੁਸਲਮਾਨਾਂ ਵਿਚ ਬਕਰਾ ਹਲਾਲ ਕਰਕੇ ਖਾਣ ਦੀ ਪ੍ਰਥਾ ਤਾਂ ਸੀ। ਇਸ ਤੋਂ ਇਲਾਵਾ ਸ਼ਰਾਬ, ਪਾਨ, ਸੁਪਾਰੀ, ਬੀੜੀਆਂ ਅਤੇ ਭੰਗ ਆਦਿ।

ਗੁਰੂ ਨਾਨਕ ਦੇਵ ਜੀ ਧਾਰਮਿਕ ਬਿਰਤੀ ਵਾਲੇ ਵਿਅਕਤੀ ਸਨ,ਇਸ ਲਈ ਉਹਨਾਂ ਨੇ ਧਾਰਮਿਕ ਪਹਿਰਾਵੇ ਦਾ ਜ਼ਿਕਰ ਕੀਤਾ ਹੈ।ਇਸ ਤੋਂ ਇਲਾਵਾ ਆਮ ਜਨਤਾ ਦੇ ਸਧਾਰਨ ਪਹਿਰਾਵੇ ਦੀ ਝਲਕ ਵੀ ਨਜ਼ਰੀ ਪੈਂਦੀ ਹੈ। ਬ੍ਰਹਮਣਾਂ ਦੇ ਪਹਿਰਾਵੇ ਨੂੰ ਉਹਨਾਂ ਨੇ ਬਹੁਤ ਬਰੀਕੀ ਨਾਲ ਬਿਆਨ ਕੀਤਾ ਹੈ, ਜਿਵੇਂ ਕਿ ਮੱਥੇ ਤੇ ਤਿਲਕ, ਗਲ ਵਿਚ ਮਾਲਾ, ਧੋਤੀ ਆਦਿ।

*ਪੜਿ ਪੁਸਤਕ ਸੰਧਿਆ ਬਾਦੰ॥*
*ਸਿਲ ਪੂਜਸਿ ਬਗੁਲ ਸਮਾਧੰ॥*
*ਮੁਖਿ ਝੂਠ ਬਿਭੂਖਣ ਸਾਰੰ॥*
*ਤ੍ਰੈਪਾਲ ਤਿਹਾਲ ਬਿਚਾਰੰ॥*[4]
*ਮਥੈ ਟਿਕਾ ਤੇੜਿ ਧੋਤੀ ਕਖਾਈ॥*
*ਹਥਿ ਛੁਰੀ ਜਗਤ ਕਾਸਾਈ ॥*[5]

**ਜੋਗੀ ਦਾ ਪਹਿਰਾਵਾ:-**

ਕਪੜੇ ਗੇਰੂ ਰੰਗੇ, ਗਲ ਵਿਚ ਬਗਲੀ, ਝੋਲੀ, ਕੰਨੀ ਮੁੰਦਰਾਂ, ਸਰੀਰ ਤੇ ਸੁਆਹ ਮਲੀ, ਹੱਥ ਵਿਚ ਡੰਡਾ, ਸਿਰ ਤੇ ਜਟਾਂ ਆਦਿ। ਕਾਜ਼ੀ ਤੇ ਹੋਰ ਸਰਕਾਰੀ ਕਰਮਚਾਰੀਆਂ ਦੇ ਨੀਲੇ ਕੱਪੜੇ ਹੁੰਦੇ ਸਨ। ਅਮੀਰ ਲੋਕਾਂ ਦੇ ਕੱਪੜੇ ਚਮਕਦਾਰ ਅਤੇ ਕੀਮਤੀ ਹੁੰਦੇ ਸਨ।

**ਦਾਸ ਪ੍ਰਥਾ:-**

ਭਾਰਤ ਵਿਚ ਸ਼ੁਰੂ ਤੋਂ ਹੀ ਕਿਸੇ ਨਾ ਕਿਸੇ ਰੂਪ ਵਿਚ ਪ੍ਰਚਲਿਤ ਸੀ। ਗੁਰੂ ਨਾਨਕ ਦੇਵ ਜੀ ਦੇ ਸਮੇਂ ਵੀ ਪ੍ਰਚਲਿਤ ਸੀ। ਉਸ ਸਮੇਂ ਗੁਲਾਮ ਮੁੱਲ ਖਰੀਦੇ ਜਾਂਦੇ ਸਨ। ਇਹਨਾਂ ਵਿਚ ਮੁੰਡੇ ਤੇ ਕੁੜੀਆਂ ਦੋਵੇਂ ਹੁੰਦੇ ਸਨ। ਗੁਲਾਮ ਇਕ ਵਸਤੂ ਵਾਂਗ ਦੁਕਾਨਾਂ ਤੇ ਵੇਚੇ ਜਾਂਦੇ ਸਨ। ਕਈ ਗੁਲਾਮ ਤਾਂ ਪੁਸਤ-ਦਰ-ਪੁਸਤ ਚਲੇ ਆਉਂਦੇ ਸਨ। ਇਹਨਾਂ ਗੁਲਾਮਾਂ ਨੂੰ ਆਪਣੇ ਮਾਲਕ ਦਾ ਹੁਕਮ ਹਰ ਮੱਥੇ ਮੰਨਣਾ ਪੈਂਦਾ ਸੀ। ਇਹਨਾਂ ਦਾ ਕੰਮ ਨੱਚਣਾ, ਪੱਖਾ ਝੱਲਣਾ, ਪੈਰ ਘੁੱਟਣਾ, ਪਾਣੀ ਲਿਆਉਣਾ ਅਤੇ ਖਾਣ ਲਈ ਅੰਨ ਪੀਸਣਾ ਆਦਿ।

**ਆਵਾਜਾਈ ਦੇ ਸਾਧਨ:-**

ਗੁਰੂ ਜੀ ਨੇ ਆਪਣੀ ਬਾਣੀ ਵਿਚ ਉਸ ਸਮੇਂ ਆਵਾਜਾਈ ਲਈ ਜੋ ਸਾਧਨ ਵਰਤੇ ਜਾਂਦੇ ਸਨ। ਉਸ ਸਮੇਂ ਆਵਾਜਾਈ ਦੇ ਸਾਧਨ ਜ਼ਿਆਦਾ ਮਾਤਰਾ ਵਿਚ ਉੱਨਤ ਨਹੀਂ ਸਨ। ਆਮ ਲੋਕ ਪੈਦਲ ਜਾਂ ਲੱਕੜੀ ਦੀਆਂ ਬੈਲ-ਗੱਡੀਆਂ ਉਪਰ ਆਪਣਾ ਸਫ਼ਰ ਤੈਅ ਕਰਦੇ ਸਨ। ਇਹਨਾਂ ਤੋਂ ਬਿਨ੍ਹਾਂ ਘੋੜੇ, ਹਾਥੀ ਆਦਿ। ਇਹਨਾਂ ਨੂੰ ਰੱਖਣ ਲਈ ਆਮ ਜਨਤਾ ਦੇ ਵੱਸ ਦੀ ਗਲ ਨਹੀਂ ਸੀ। ਗੁਰੂ ਜੀ ਫ਼ਰਮਾਉਦੇਂ ਹਨ:-

ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ ॥
ਡਕੈ ਫੂਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ ॥[6]

ਦਰਿਆਈ ਆਵਾਜਾਈ ਲਈ ਬੇੜੀ, ਤੁਲਹਾ ਤੇ ਬੋਹਿਥ ਸਨ। ਬੋਹਿਥਾ ਉਪਰ ਵਪਾਰ ਕੀਤਾ ਜਾਂਦਾ ਸੀ।

**ਖੇਡਾਂ ਤੇ ਮੰਨੋਰੰਜਨ :-**

ਖੇਡਾਂ ਨੂੰ ਵੀ ਮੰਨੋਰੰਜਨ ਦਾ ਇਕ ਸਥਾਨ ਮੰਨਿਆ ਜਾਂਦਾ ਹੈ। ਗੁਰੂ ਜੀ ਨੇ ਉਸ ਸਮੇਂ ਦੀਆਂ ਖੇਡਾਂ ਦਾ ਕੋਈ ਵਿਸ਼ੇਸ਼ ਜ਼ਿਕਰ ਨਹੀਂ ਕੀਤਾ। ਸਿਵਾਏ ਸ਼ਤਰੰਜ ਅਤੇ ਚੌਪੜ ਦੇ। ਇਸ ਤੋਂ ਇਲਾਵਾ ਸ਼ਿਕਾਰ ਖੇਡਣਾ, ਨਟੂਏ ਦੀ ਬਾਜੀ, ਬਾਜੀਗਰ ਅਤੇ ਰਾਸ ਪਾਉਣ ਵਾਲੇ।ਇਹ ਖੇਡਾਂ ਜਿੱਥੇ ਮੰਨੋਰੰਜਨ ਕਰਦੀਆਂ ਸਨ ਉੱਥੇ ਰੋਜ਼ੀ ਰੋਟੀ ਦਾ ਵੀ ਸਾਧਨ ਸਨ।

**ਪਰਿਵਾਰਿਕ ਜੀਵਨ:-**

ਸਮਾਜ ਦੇ ਸੰਗਠਨ ਲਈ ਪਰਿਵਾਰ ਅਤੇ ਪਰਿਵਾਰਕ ਜੀਵਨ ਦਾ ਬਹੁਤ ਮਹੱਤਵ ਹੈ। ਪਰਿਵਾਰ ਨੂੰ ਸਮਾਜ ਦਾ ਅਧਾਰ ਮੰਨਿਆ ਜਾਂਦਾ ਹੈ। ਗੁਰੂ ਜੀ ਨੇ ਉਸ ਸਮੇਂ ਦੇ ਪਰਿਵਾਰ ਦਾ ਵਰਨਣ ਆਪਣੀ ਬਾਣੀ ਵਿਚ ਸੂਖਮਤਾ ਨਾਲ ਕੀਤਾ ਹੈ। ਇਸ ਸੰਸਾਰ ਵਿਚ ਪੈਦਾ ਹੁੰਦਿਆ ਹੀ ਮਨੁੱਖ ਦਾ ਪਰਿਵਾਰਕ ਜੀਵਨ ਸ਼ੁਰੂ ਹੋ ਜਾਂਦਾ ਹੈ। ਗੁਰੂ ਜੀ ਨੇ ਵਿਅਕਤੀ ਦੇ ਰਿਸ਼ਤਿਆਂ ਨਾਤਿਆਂ ਦਾ ਸਮੁੱਚਾ ਨਕਸ਼ਾ ਇਸ ਪ੍ਰਕਾਰ ਪੇਸ਼ ਕੀਤਾ ਹੈ।

*ਪਹਿਲੈ ਪਿਆਰਿ ਲਗਾ ਥਣ ਦੁਧਿ॥*
*ਦੂਜੈ ਮਾਇ ਬਾਪ ਕੀ ਸੁਧਿ॥*
*ਤੀਜੈ ਭਯਾ ਭਾਭੀ ਬੇਬ॥*

*ਚਉਥੈ ਪਿਆਰਿ ਉਪੰਨੀ ਖੇਡ॥*
*ਪੰਜਵੈ ਖਾਣ ਪੀਅਣ ਕੀ ਧਾਤੁ॥*
*ਛਿਵੈ ਕਾਮੁ ਨ ਪੁਛੈ ਜਾਤਿ॥*
*ਸਤਵੈ ਸੰਜਿ ਕੀਆ ਘਰ ਵਾਸੁ॥*
*ਅਠਵੈ ਕ੍ਰੋਧੁ ਹੋਆ ਤਨ ਨਾਸੁ॥*
*ਨਾਵੈ ਧਉਲੇ ਉਭੇ ਸਾਹ॥*
*ਦਸਵੈ ਦਧਾ ਹੋਆ ਸੁਆਹ॥* [7]

ਮਨੁੱਖ ਦੇ ਜਨਮ ਨਾਲ ਹੀ ਮਾਂ, ਬਾਪ, ਭੈਣ, ਭਰਾ ਅਤੇ ਭਰਜਾਈ ਨਾਲ ਨਾਤੇ ਕਾਇਮ ਹੋ ਜਾਂਦੇ ਹਨ ਜੋ ਪਰਿਵਾਰਕ ਜੀਵਨ ਦਾ ਧੁਰਾ ਹੈ।

**ਭੋਜਨ ਪਾਨ ਵਿਧੀ:-**

ਗੁਰੂ ਜੀ ਨੇ ਕੇਵਲ ਹਿੰਦੂਆਂ ਦੀ ਭੋਜਨ ਪਾਨ ਦੀ ਵਿਧੀ ਦਸੀ ਹੈ। ਬ੍ਰਹਮਣੀਆਂ ਭੋਜਨ ਬਣਾਉਣ ਤੋਂ ਪਹਿਲਾ ਨਹਾ ਧੋ ਕੇ ਟਿਕਾ ਲਾ ਕੇ ਫਿਰ ਚਉਕੇ (ਰਸੋਈ) ਅੰਦਰ ਆਉਂਦੀਆਂ ਸਨ। ਕਿਸੇ ਦੇ ਘਰ ਸਰਾਧ ਖਾਣ ਜਾਂਦੇ ਸਮੇਂ ਬ੍ਰਹਮਣ ਨਹਾ ਕੇ ਚਉਕਾ ਸੁੱਚਾ ਕਰ ਕੇ ਸਲੋਕ ਮੰਤਰ ਪੜ੍ਹ ਕੇ ਖਾਂਦੇ ਸਨ।

**ਚਿਕਿਤਸਾ:-**

ਅਜ ਵਾਂਗ ਭਾਵੇਂ ਮਾਹਿਰ ਡਾਕਟਰ ਨਹੀਂ ਸਨ ਪਰ ਉਸ ਸਮੇਂ ਵੀ ਬਿਮਾਰੀਆਂ ਦਾ ਇਲਾਜ ਕੀਤਾ ਜਾਂਦਾ ਸੀ। ਉਸ ਸਮੇਂ ਵੈਦ ਸਨ ਜੋ ਕੁਦਰਤੀ ਜੜੀ-ਬੂਟੀਆਂ ਰਾਹੀਂ ਇਲਾਜ ਕਰਦੇ ਸਨ, ਏਨੇ ਮਾਹਿਰ ਹੁੰਦੇ ਸਨ ਕਿ ਇਹ ਵੈਦ ਲੋਕਾਂ ਦੀ ਨਬਜ਼ ਦੇਖ ਕੇ ਬਿਮਾਰੀ ਜਾਣ ਲੈਂਦੇ ਸਨ :

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥੧॥ [8]

ਅੰਤ ਵਿਚ ਅਸੀਂ ਕਹਿ ਹਾਂ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੇ ਸਮਾਜਿਕ ਚਿਤਰਣ ਨੂੰ ਆਪਣੀ ਬਾਣੀ ਵਿਚ ਪੇਸ਼ ਕੀਤਾ ਹੈ। ਇਸ ਵਿਚ ਜਿਵੇਂ ਕਿ ਜਾਤ-ਪਾਤ, ਲੋਕਾਂ ਦਾ ਚਿਤਰਣ, ਕਿੱਤੇ, ਜਨਮ ਅਤੇ ਮੌਤ ਨਾਲ ਸਬੰਧਿਤ ਵਿਸ਼ਵਾਸ ਅਤੇ ਰਸਮ-ਰਿਵਾਜ, ਸ੍ਰਿਸ਼ਟੀ ਦੀ ਰਚਨਾ ਸਬੰਧੀ ਚਾਨਣਾ, ਔਰਤ ਦੀ ਸਥਿਤੀ, ਸਿੱਖਿਆ ਪ੍ਰਣਾਲੀ, ਖਾਣ-ਪੀਣ ਤੇ ਪਹਿਰਾਵਾ, ਦਾਸ ਪ੍ਰਥਾ, ਆਵਾਜਾਈ ਦੇ ਸਾਧਨ, ਖੇਡਾਂ ਤੇ ਮੰਨੋਰੰਜਨ, ਪਰਿਵਾਰਿਕ ਜੀਵਨ ਤੇ ਰਿਸ਼ਤਾ ਨਾਤਾ ਪ੍ਰਬੰਧ, ਭੋਜਨ-ਪਾਨ ਦੀ ਵਿਧੀ ਤੇ ਚਿਕਿਤਸਾ ਆਦਿ ਦਾ ਵਰਣਨ ਬਾਖੂਬੀ ਆਪਣੀ ਬਾਣੀ ਵਿਚ ਦਰਸਾਉਣ ਦਾ ਯਤਨ ਕੀਤਾ ਹੈ।

***ਹਵਾਲੇ ਅਤੇ ਟਿੱਪਣੀਆ :-***


1. ਸਿਰੀ ਰਾਗ ਕੀ ਵਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਪੰਨਾ-**83.**
2. ਰਾਗ ਪ੍ਰਭਾਤੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਪੰਨਾ-**1330.**
3. ਪੀ.ਥਾਮਸ,ਹਿੰਦੂ ਰੀਲੀਜ਼ਨ ਕਸਟਮਜ਼ ਐਂਡ ਮੈਨਰਜ਼, ਸੰਸਕਰਣ ਚੌਥਾ, ਪੰਨਾ-**59.**
4. ਆਸਾਕੀ ਵਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਪੰਨਾ-**470.**
5. ਉਹੀ, ਪੰਨਾ- **471.**
6. ਵਾਰ ਮਲਾਰ ਕੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਪੰਨਾ-**1286.**
7. ਵਾਰ ਮਾਝ ਕੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਪੰਨਾ-**137.**
8. ਵਾਰ ਮਲਾਰ ਕੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਪੰਨਾ-**1279.**